The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702, 0800 253 2687
www.redcleaning.co.nz

04June 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਪਾਪਾਟੋਏਟੋਏ ਵਿਖੇ ਬਤਰਾ ਫੈਸ਼ਨ ਵਿਲ੍ਹਾ ਵਿਖੇ ਕਾਰ ਹਾਦਸੇ ਦੌਰਾਨ ਮਹਿਲਾ ਦੀ ਮੌਤ




ਆਕਲੈਂਡ : ਦੱਖਣੀ ਆਕਲੈਂਡ ਦੀ ਇੱਕ ਵਧੇਰੇ ਆਵਾਜਾਈ ਵਾਲ ਸੜਕ 'ਤੇ ਕਾਰ ਹਾਦਸੇ ਦੌਰਾਨ ਇੱਕ ਮਹਿਲਾ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਐਮਰਜੈਂਸੀ ਸੇਵਾਵਾਂ ਨੂੰ ਸੋਮਵਾਰ ਸਵੇਰੇ 176 ਗ੍ਰੇਟ ਸਾਊਥ ਵਿਖੇ ਬੁਲਾਇਆ ਗਿਆ। ਆਕਲੈਂਡ ਦੇ ਇੰਸਪੈਕਟਰ ਡੰਕਨ ਹਾਲ ਨੇ ਪੁਸ਼ਟੀ ਕੀਤੀ ਕਿ ਇਸ ਹਾਦਸੇ ਵਿਚ ਔਰਤ ਦੀ ਮੌਤ ਹੋ ਗਈ ਹੈ ਅਤੇ ਦੁਰਘਟਨਾ ਦੇ ਕਾਰਨਾਂ ਦੀ ਪੁਲਿਸ ਜਾਂਚ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੁਲਿਸ ਨੇ ਹਾਲੇ ਤੱਕ ਇਸ ਸਬੰਧੀ ਕੋਈ ਬਿਆਨ ਨਹੀਂ ਜਾਰੀ ਕੀਤਾ ਹੈ। ਹਾਲ ਨੇ ਕਿਹਾ ਕਿ ਉਸ ਸਮੇਂ ਬੱਤਰਾ ਫੈਸ਼ਨ ਵਿਲ੍ਹਾ ਬੰਦ ਸੀ ਜਿਸ ਕਾਰਨ ਦੁਕਾਨ ਵਿਚ ਕੋਈ ਵਿਅਕਤੀ ਨਾ ਹੋਣ ਕਾਰਨ ਬਚਾਅ ਹੋ ਗਿਆ ਹੈ। ਬਤਰਾ ਫੈਸ਼ਨ ਵਿਲ੍ਹਾ ਦੇ ਮਾਲਕ ਕਰਨਦੀਪ ਸਿੰਘ ਨੇ ਕਿਹਾ ਕਿ ਕਾਰ ਦਿਨ ਵਿਚ ਖੁੱਲ੍ਹਣ ਦੇ ਕੁਝ ਸਮੇਂ ਪਹਿਲਾਂ ਹੀ ਹਾਦਸੇ ਦਾ ਸ਼ਿਕਾਰ ਹੋਈ ਸੀ। ਇਸ ਦੁਕਾਨ ਵਿਚ ਭਾਰਤੀ ਕੱਪੜੇ, ਆਰਟੀਫੀਸ਼ਲ ਜਿਊਲਰੀ ਅਤੇ ਜੁੱਤੇ ਵੇਚੇ ਜਾਂਦੇ ਹਨ। ਦੁਕਾਨ ਦੇ ਮਾਲਕ ਦਾ ਕਹਿਣਾ ਹੈ ਕਿ ਈਦ ਦੇ ਕਾਰਨ ਇਸ ਸਮੇਂ ਉਨ੍ਹਾਂ ਦੀ ਦੁਕਾਨ 'ਤੇ ਗ੍ਰਾਹਕਾਂ ਦੀ ਭੀੜ ਹੁੰਦੀ ਹੈ। ਜੇਕਰ ਇਹ ਹਾਦਸਾ ਥੋੜ੍ਹੀ ਦੇਰ ਬਾਅਦ ਹੁੰਦਾ ਤਾਂ ਬਹੁਤ ਵਿਅਕਤੀ ਇਸ ਹਾਦਸੇ ਵਿਚ ਜ਼ਖਮੀ ਹੋਸਕਦੇ ਹਨ। ਕਰਨਦੀਪ ਸਿੰਘ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਹਾਦਸੇ ਵਿਚ ਉਨ੍ਹਾਂ ਦੇ ਸਟਾਫ ਦਾ ਕੋਈ ਵੀ ਵਿਅਕਤੀ ਜ਼ਖਮੀ ਨਹੀਂ ਹੋਇਆ ਤਾਂ ਉਨ੍ਹਾਂ ਨੂੰ ਕੁਝ ਰਾਹਤ ਮਿਲੀ। ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਦੁਕਾਨ ਦਾ ਮੂਹਰਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ, ਪਰ ਕਿੰਨਾ ਨੁਕਸਾਨ ਹੋਇਆ ਹੈ, ਇਸ ਦਾ ਹਾਲੇ ਅਨੁਮਾਨ ਲਗਾਇਆ ਜਾ ਰਿਹਾ ਹੈ।

## ਆਕਲੈਂਡ ਵਾਸੀ ਦੇ ਪਿਜ਼ੇ ਵਿਚੋਂ ਨਿਕਲਿਆ ਪਲਾਸਟਿਕ ਦਾ ਟੁਕੜਾ



ਆਕਲੈਂਡ (ਐਨ. ਜ਼ੈਡ. ਤਸਵੀਰ) : ਆਕਲੈਂਡ ਵਾਸੀ ਦਾ ਕਹਿਣਾ ਹੈ ਕਿ ਉਹ ਬਹੁਤ ਖੁਸ਼ਕਿਸਮਤ ਸੀ ਕਿ ਜਦੋਂ ਉਸ ਦੇ ਬੱਚੇ ਪਿਜ਼ਾ ਖਾ ਰਹੇ ਸਨ ਤਾਂ ਉਸ ਨੇ ਪਿਜ਼ੇ ਵਿਚ ਪਲਾਸਟਿਕ ਦਾ ਟੁਕੜਾ ਦੇਖ ਲਿਆ। ਉਕਤ ਵਿਅਕਤੀ ਨੇ ਨਿਊਜ਼ੀਲੈਂਡ ਦੇ ਇੱਕ ਮੀਡੀਆ ਗਰੁੱਪ ਨਾਲ ਗੱਲ ਕਰਦੇ ਹੋਏ ਕਿਹਾ ਕਿ ਕੱਲ ਉਸ ਨੇ ਊਬਰ ਦੁਆਰਾ 'ਦ ਫੂਡ ਹੱਟ' ਤੋਂ ਕੁਝ ਪਿਜ਼ਾ ਆਰਡਰ ਕੀਤਾ ਸੀ, ਉਸ ਨੇ ਕਿਹਾ ਕਿ ਜਦੋਂ ਉਹ ਅੱਜ ਸਵੇਰੇ ਆਪਣੇ ਬੱਚਿਆਂ ਨੂੰ ਪੀਜ਼ਾ ਗਰਮ ਕਰਕੇ ਦੇ ਰਿਹਾ ਸੀ ਤਾਂ ਉਸ ਵਿਚੋਂ ਕਾਲੇ ਪਲਾਸਟਿਕ ਦੇ ਟੁਕੜੇ ਦੇਖੇ। ਉਸ ਨੇ ਕਿਹਾ ਕਿ ਪਹਿਲਾਂ ਮੈਂ ਇਸ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਪਰ ਜਦੋਂ ਕੁਝ ਕਾਲੀਆਂ ਚੀਜ਼ਾਂ ਨੂੰ ਧਿਆਨ ਨਾਲ ਦੇਖਿਆ ਤਾਂ ਇਹ ਪਲਾਸਟਿਕ ਦੇ ਟੁਕੜੇ ਸਨ। ਇਹ ਟੁਕੜੇ ਔਸਤ ਪਲਾਸਟਿਕ ਨਾਲੋਂ ਕੁਝ ਮੋਟੇ ਸਨ। ਉਹ ਕਹਿੰਦੇ ਹਨ ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਕਿ ਇਹ ਪਿਜ਼ਾ ਮੈਂ ਆਪਣੇ ਬੱਚਿਆਂ ਨੂੰ ਖਾਣ ਨੂੰ ਨਹੀਂ ਦਿੱਤਾ।

## ਅਮਰੀਕਾ ਬਾਅਦ ਚੀਨ ਨੇ ਆਸਟ੍ਰੇਲੀਆ ਨਾਲ ਲਿਆ ਪੰਗਾ, ਭੇਜੇ ਜੰਗੀ ਬੇੜੇ

ਕੈਨਬਰਾ: ਆਸਟ੍ਰੇਲੀਆ ਦੇ ਸਿਡਨੀ ਹਾਰਬਰ ਵਿੱਚ ਚੀਨ ਦੇ ਤਿੰਨ ਜੰਗੀ ਬੇੜੇ ਦਿੱਸਣ ਬਾਅਦ ਹੰਗਾਮਾ ਮੱਚ ਗਿਆ। ਦਰਅਸਲ, ਹਾਲ ਹੀ ਵਿੱਚ ਇੱਕ ਰਿਪੋਰਟ ਵਿੱਚ ਖ਼ੁਲਾਸਾ ਹੋਇਆ ਸੀ ਕਿ ਆਸਟ੍ਰੇਲਿਆਈ ਥਲ ਸੈਨਾ ਦੀ ਵਿਵਾਦਤ ਦੱਖਣ ਚੀਨ ਸਾਗਰ ਵਿੱਚ ਗਸ਼ਤ ਦੌਰਾਨ ਚੀਨੀ ਥਲ ਸੈਨਾ ਨਾਲ ਉਸ ਦਾ ਆਹਮੋ-ਸਾਹਮਣਾ ਹੋ ਗਿਆ ਸੀ। ਇਹ ਵੀ ਕਿਹਾ ਗਿਆ ਸੀ ਕਿ ਆਸਟ੍ਰੇਲਿਆਈ ਪਾਇਲਟਾਂ 'ਤੇ ਲੇਜ਼ਰ ਦਾ ਨਿਸ਼ਾਨਾ ਰੱਖਿਆ ਗਿਆ ਸੀ। ਇਨ੍ਹਾਂ ਖ਼ਬਰਾਂ ਦਰਮਿਆਨ ਸੋਮਵਾਰ ਸਵੇਰੇ ਅਚਾਨਕ ਥਲ ਸੈਨਾ ਦੇ 700 ਜਵਾਨਾਂ ਨਾਲ ਤਿੰਨ ਚੀਨੀ ਜੰਗੀ ਪੋਤਾਂ ਪਹੁੰਚਣ ਬਾਅਦ ਇੱਥੇ ਤਣਾਓ ਬਣਿਆ ਹੋਇਆ ਹੈ। ਇਸ ਘਟਨਾ ਬਾਅਦ ਸੋਲੋਮਨ ਟਾਪੂ ਦੇ ਦੌਰੇ 'ਤੇ ਗਏ ਪ੍ਰਧਾਨ ਮੰਤਰੀ ਸਕਾਟ ਮਾਰਿਸਨ ਨੇ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਬਿਆਨ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਆਮ ਲੋਕਾਂ ਲਈ ਇਹ ਹੈਰਾਨੀ ਵਾਲੀ ਗੱਲ ਹੋ ਸਕਦੀ ਹੈ, ਪਰ ਸਰਕਾਰ ਨੂੰ ਇਸ ਬਾਰੇ ਪਹਿਲਾਂ ਹੀ ਪਤਾ ਸੀ। ਮਾਰਿਸਨ ਨੇ ਕਿਹਾ ਕਿ ਹਾਲ ਹੀ ਵਿੱਚ ਆਸਟ੍ਰੇਲਿਆਈ ਪੋਤ ਚੀਨ ਗਏ ਸੀ। ਇਸ ਲਈ ਇਹ ਚੀਨ ਦਾ ਜਵਾਬੀ ਦੌਰਾ ਸੀ। ਰਿਪੋਰਟਾਂ ਮੁਤਾਬਕ ਜਿਨ੍ਹਾਂ ਜੰਗੀ ਪੋਤਾਂ ਨੂੰ ਹਾਰਬਰ ਵਿੱਚ ਵੇਖਿਆ ਗਿਆ ਉਨ੍ਹਾਂ ਵਿੱਚੋਂ ਇੱਕ ਯੁਝਾਓ ਕਲਾਸ ਦਾ ਲੈਂਡਿੰਗ ਸ਼ਿਪ, ਇੱਕ ਲੂਓਮਾ ਕਲਾਸ ਦਾ ਸ਼ਿਪ ਤੇ ਇੱਕ ਐਂਟੀ ਸਬਮਰੀਨ ਮਿਸਾਈਲ ਸਿਸਟਮ ਨਾਲ ਲੈਸ ਸ਼ੁਚਾਂਗ ਕਲਾਸ ਦਾ ਆਧੁਨਿਕ ਜਹਾਜ ਸ਼ਾਮਲ ਸੀ। ਮਾਹਰ ਇਨ੍ਹਾਂ ਤਿੰਨਾਂ ਜੰਗੀ ਪੋਤਾਂ ਦੇ ਆਸਟ੍ਰੇਲੀਆਈ ਦੌਰੇ ਦੇ ਸਮੇਂ 'ਤੇ ਸਵਾਲ ਚੁੱਕ ਰਹੇ ਹਨ। ਦੱਸ ਦੇਈਏ ਐਤਵਾਰ ਨੂੰ ਚੀਨ ਦੇ ਰੱਖਿਆ ਮੰਤਰੀ ਵੇਈ ਫੇਂਗੇ ਨੇ ਚੇਤਾਵਨੀ ਦਿੰਦਿਆਂ ਕਿਹਾ ਸੀ ਕਿ ਜੇ ਅਮਰੀਕਾ ਨਾਲ ਜੰਗ ਹੋਈ ਤਾਂ ਇਹ ਦੁਨੀਆ ਲਈ ਭਿਆਨਕ ਹੋਏਗਾ। ਇਸ ਲਈ ਬਿਹਤਰ ਹੋਏਗਾ ਕਿ ਅਮਰੀਕਾ ਤਾਈਵਾਨ ਤੇ ਦੱਖਣ ਚੀਨ ਸਾਗਰ ਦੇ ਮੁੱਦੇ 'ਤੇ ਦਖ਼ਲ-ਅੰਦਾਜ਼ੀ ਨਾ ਕਰੇ। ਵੇਈ ਨੇ ਇਹ ਗੱਲ ਸਿੰਗਾਪੁਰ ਵਿੱਚ ਰੱਖਿਆ ਮੁੱਦੇ 'ਤੇ ਕਰਾਏ ਸ਼ਾਂਗਰੀ-ਲਾ ਡਾਇਲਾਗ ਵਿੱਚ ਕਹੀ।



## ਆਕਲੈਂਡ ਦੇ ਲਾਪਤਾ ਵਿਦਿਆਰਥੀ ਲਾਰੈਂਸ ਦਾ ਪਰਿਵਾਰ ਨਹੀਂ ਚਾਹੁੰਦਾ ਕਿ ਪੁਲਿਸ ਕੇਸ ਬੰਦ ਕਰੇ

ਆਕਲੈਂਡ (ਐਨ. ਜ਼ੈਡ. ਤਸਵੀਰ) : ਆਕਲੈਂਡ ਦੇ ਵਿਦਿਆਰਥੀ ਲਾਰੈਂਸ ਦਾ ਪਰਿਵਾਰ ਹੁਣ ਹੋਰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਿਹਾ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਬਹੁਤ ਪ੍ਰੇਸ਼ਾਨ ਹਾਂ ਕਿਉਂਕਿ ਹੁਣ ਪੁਲਿਸ ਨੇ ਲਾਰੈਂਸ ਦੇ ਕੇਸ ਦੀ ਜਾਂਚ ਬੰਦ ਕਰ ਦਿੱਤੀ ਹੈ। ਆਕਲੈਂਡ ਯੂਨੀਵਰਸਿਟੀ ਦਾ ਵਿਦਿਆਰਥੀ ਲਾਰੈਂਸ ਭੇਦਭਰੀ ਹਾਲਤ ਵਿਚ ਲਗਭਗ ਤਿੰਨ ਮਹੀਨੇ ਪਹਿਲਾਂ ਲਾਪਤਾ ਹੋ ਗਿਆ ਸੀ। ਉਸ ਦਾ ਪਰਿਵਾਰ ਉਸ ਨੂੰ ਲੱਭਣ ਲਈ ਚੀਨ ਤੋਂ ਆਕਲੈਂਡ ਪਹੁੰਚਿਆ ਸੀ ਪਰ ਹਾਲੇ ਤੱਕ ਲਾਰੈਂਸ ਦਾ ਕੁਝ ਨਹੀਂ ਪਤਾ ਚੱਲ ਸਕਿਆ ਕਿ ਉਹ ਜਿਉਂਦਾ ਵੀ ਹੈ ਜਾਂ ਮਰ ਗਿਆ। ਕੁਝ ਦਿਨ ਪਹਿਲਾਂ ਲਾਰੈਂਸ ਦੇ ਪਰਿਵਾਰ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਜੇਕਰ ਕੋਈ ਵੀ ਲਾਰੈਂਸ ਬਾਰੇ ਦੱਸਦਾ ਹੈ ਤਾਂ ਉਸ ਨੂੰ 2 ਲੱਖ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਲਾਰੈਂਸ ਦੇ ਭਰਾ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਉਸ ਦਾ ਭਰਾ ਕਿਹੜੀ ਹਾਲਤ ਵਿਚ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਪੁਲਿਸ ਆਪਣੀ ਜਾਂਚ ਜਾਰੀ ਰੱਖੇ। ਉਸ ਨੇ ਕਿਹਾ ਕਿ ਮੇਰੇ ਮਾਤਾ ਪਿਤਾ ਇਸ ਗੱਲ ਨੂੰ ਨਹੀਂ ਸਵੀਕਾਰ ਕਰ ਸਕਦੇ ਕਿ ਉਹ ਜਿਊਂਦਾ ਨਹੀਂ ਹੈ। ਉਹ ਚਾਹੁੰਦੇ ਹਨ ਕਿ ਲਾਰੈਂਸ ਸਹੀ ਸਲਾਮਤ ਵਾਪਸ ਜਾ ਜਾਵੇ। ਸਾਰਜੈਂਟ ਤਾਨਿਆ ਕਿੰਗੀ ਦਾ ਕਹਿਣਾ ਹੈ ਕਿ ਅਸੀਂ ਲਾਰੈਂਸ ਨੂੰ ਲੱਭਣ ਲਈ ਜੀਅ ਜਾਨ ਨਾਲ ਕੋਸ਼ਿਸ਼ ਕੀਤੀ ਹੈ। ਸਾਰਜੈਂਟ ਨੇ ਕਿਹਾ ਕਿ ਲਾਰੈਂਸ ਦਾ ਗੁੰਮ ਹੋਣਾ ਪਰਿਵਾਰ ਲਈ ਬਹੁਤ ਵੱਡਾ ਝਟਕਾ ਹੈ।



## ਸ੍ਰੀ ਹੇਮਕੁੰਟ ਸਾਹਿਬ ਯਾਤਰਾ 'ਚ ਸੰਗਤਾਂ ਦੀ ਥਕਾਵਟ ਲਾਹੁਣ ਲਈ ਦਿੱਤੀ ਜਾ ਰਹੀ ਵਿਸ਼ੇਸ਼ ਸਹੂਲਤ



ਸ੍ਰੀ ਹੇਮਕੁੰਟ ਸਾਹਿਬ : ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸ਼ੁਰੂ ਹੋ ਗਈ ਹੈ। ਸ਼ਰਧਾਲੂ ਵੱਡੀ ਗਿਣਤੀ 'ਚ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਲਈ ਆ ਰਹੇ ਹਨ। ਹਾਲਾਂਕਿ ਇਸ ਵਾਰ ਕਾਫੀ ਬਰਫ ਹੋਣ ਕਰਕੇ ਫੌਜ ਦੇ ਜਵਾਨਾਂ ਨੇ ਬੜੀ ਮੁਸ਼ਕਲ ਨਾਲ ਰਸਤਾ ਬਣਾਇਆ ਹੈ ਪਰ ਰਸਤਾ ਤੰਗ ਹੋਣ ਕਰਕੇ ਬਰਫ਼ੀਲੇ ਰਾਹ ਦੇ ਵਿੱਚੋਂ ਕੇਵਲ ਇੱਕ ਹੀ ਵਿਅਕਤੀ ਲੰਘ ਸਕਦਾ ਹੈ ਤੇ ਇੱਕ-ਦੂਜੇ ਤੋਂ ਅੱਗੇ ਲੰਘਣਾ ਸੱਟ ਲੱਗਣ ਦਾ ਕਾਰਨ ਵੀ ਬਣ ਸਕਦਾ ਹੈ। 19 ਕਿਲੋਮੀਟਰ ਦਾ ਪੈਦਲ ਸਫਰ ਗਲ਼ੇਸ਼ੀਅਰ ਨਾ ਪਿਘਲੇ ਹੋਣ ਕਰਕੇ ਇਹ ਪਹਾੜੀ ਰਸਤਾ ਸੰਗਤ ਲਈ ਹੋਰ ਵੀ ਥਕਾਵਟ ਭਰਿਆ ਬਣ ਗਿਆ ਹੈ, ਇਸ ਕਰਕੇ ਸ਼ਰਧਾਲੂਆਂ ਦੀ ਥਕਾਵਟ ਨੂੰ ਦੂਰ ਕਰਨ ਲਈ ਇੱਥੇ ਇਕ ਵਿਸ਼ੇਸ਼ ਸਹੂਲਤ ਦਿੱਤੀ ਜਾ ਰਹੀ ਹੈ।

ਸੰਗਤ ਦੀ ਮਾਲਿਸ਼ ਕਰਨ ਲਈ ਵਿਸ਼ੇਸ਼ ਟੀਮ ਤਿਆਰ ਕੀਤੀ ਗਈ ਹੈ। ਦਿੱਲੀ ਤੋਂ ਪਹੁੰਚੀ ਇਸ ਟੀਮ ਦੇ ਮੈਂਬਰਾਂ ਵੱਲੋਂ ਸੰਗਤ ਦੀ ਪਹੁੰਚਣ ਸਾਰ ਫਿਜ਼ੀਓਥਰੈਪੀ ਤੇ ਮਾਲਿਸ਼ ਕੀਤੀ ਜਾਂਦੀ ਹੈ ਤਾਂ ਕਿ ਅਗਲੇ ਸਫਰ ਲਈ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਤਕਲੀਫ਼ ਨਾ ਹੋਵੇ।

ਹਾਲਾਂਕਿ ਪੈਦਲ ਰਸਤੇ 'ਚ ਤਿਲਕਣ ਹੋਣ ਕੇ ਸੰਗਤਾਂ ਨੂੰ ਕਈ ਸੱਟਾਂ ਵੀ ਲਗਦੀਆਂ ਹਨ। ਯਾਤਰਾ ਪੂਰੀ ਕਰਨ ਲਈ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਾਰ ਰਸਤਾ ਵੀ ਕਾਫੀ ਤੰਗ ਹੈ। ਇਨ ਸਭ ਨੂੰ ਵੇਖਦੇ ਹੋਏ ਸ੍ਰੀ ਹੇਮਕੁੰਟ ਸਾਹਿਬ 'ਚ ਮੈਡੀਕਲ ਸਹੂਲਤ ਵੀ ਦਿੱਤੀ ਜਾ ਰਹੀ ਹੈ।

ਇਸ ਦੇ ਨਾਲ ਹੀ ਦੁਨੀਆ ਦੇ ਇਸ ਸਭ ਤੋਂ ਉੱਚੇ ਸਥਾਨ 'ਤੇ ਸੁਸ਼ੋਭਿਤ ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਬਾਬੇ ਨਾਨਕ ਦੀ ਚਲਾਈ ਮਰਿਆਦਾ ਅਨੁਸਾਰ ਸੰਗਤ ਲਈ ਇੱਥੇ ਖਿਚੜੀ, ਸੇਵੀਆਂ, ਛੋਲੇ ਤੇ ਚਾਹ ਦੇ ਲੰਗਰ ਨਿਰੰਤਰ ਜਾਰੀ ਹਨ।



## ਹੁਣ ਪੰਜਾਬ ਦੇ ਕੈਦੀ ਚਲਾਉਣਗੇ ਪੈਟਰੋਲ ਪੰਪ




ਪਟਿਆਲਾ : ਹੁਣ ਪੰਜਾਬ ਵਿਚਲੀਆਂ ਜੇਲ੍ਹਾਂ ਦੇ ਕੈਦੀ ਵੀ ਪੈਟਰੋਲ ਪੰਪ ਚਲਾਉਣਗੇ। ਇਸ ਸਬੰਧੀ ਪੰਜਾਬ ਸਰਕਾਰ ਅਤੇ ਇੰਡੀਅਨ ਆਇਲ ਕੰਪਨੀ ਵਿਚਕਾਰ ਇਕ ਕਰਾਰ ਹੋਇਆ ਹੈ। ਜੇਲ੍ਹ ਮੰਤਰੀ ਸੁਖਜਿੰਦਰ ਰੰਧਾਵਾ ਨੇ ਦੱਸਿਆ ਕਿ ਪੰਪ ਦੇ ਸਾਰੇ ਮੁਲਾਜ਼ਮ ਕੇਂਦਰੀ ਜੇਲ੍ਹ ਪਟਿਆਲਾ ਦੇ ਕੈਦੀ ਹੀ ਹੋਣਗੇ। ਰੰਧਾਵਾ ਨੇ ਇਹ ਐਲਾਨ ਜੇਲ੍ਹ ਅਮਲੇ ਦੀ ਪਾਸਿੰਗ ਆਊਟ ਪਰੇਡ ਤੋਂ ਸਲਾਮੀ ਲੈਣ ਲਈ ਰੱਖੇ ਸਮਾਗਮ ਵਿੱਚ ਕੀਤਾ।

ਉੱਥੇ ਹੀ ਪੰਪ ਵਿਚ ਹੋਟਲ ਬਣਾ ਕੇ ਜੇਲ੍ਹ ਦੇ ਉਤਪਾਦਾਂ ਦੀ ਵਿਕਰੀ ਵੀ ਕੀਤੀ ਜਾਵੇਗੀ। ਇਸ ਦੀ ਪੁਸ਼ਟੀ ਕਰਦਿਆਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਫਿਲਹਾਲ ਪੰਜਾਬ ਦੇ ਪਟਿਆਲਾ ਸ਼ਹਿਰ ਵਿਚ ਪੈਟਰੋਲ ਪੰਪ ਪਾਇਲਟ ਪ੍ਰਾਜੈਕਟ ਦੇ ਤੌਰ 'ਤੇ ਸ਼ੁਰੂ ਕੀਤਾ ਜਾ ਰਿਹਾ ਹੈ

ਪੰਜਾਬ ਸਰਕਾਰ ਅਤੇ ਇੰਡੀਅਨ ਆਇਲ ਕੰਪਨੀ ਨਾਲ ਹੋਏ ਕਰਾਰ ਤਹਿਤ ਪਟਿਆਲਾ ਦੀ ਕੇਂਦਰੀ ਜੇਲ੍ਹ ਦੇ ਨਜ਼ਦੀਕ ਇੰਡੀਅਨ ਆਇਲ ਕੰਪਨੀ ਨੂੰ ਪੈਟਰੋਲ ਪੰਪ ਲਾਉਣ ਲਈ ਜਗ੍ਹਾ ਦਿੱਤੀ ਜਾਵੇਗੀ ਜਿਸ 'ਤੇ ਕੰਪਨੀ ਵੱਲੋਂ ਆਪਣੇ ਖਰਚੇ 'ਤੇ ਪੰਪ ਸਥਾਪਤ ਕੀਤਾ ਜਾਵੇਗਾ।